# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ :07-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਏ ਕਿ ਇੱਕ ਅਨਿਸ਼ਚਿਤਤਾ ਬਾਰੇ ਚਿੰਤਤ ਯੁਗ 'ਚ, ਭਾਰਤ ਅਤੇ ਲਕਸਮਬਰਗ ਵਿਚਕਾਰ ਇੱਕ ਭਰੋਸੇਯੋਗ ਰਿਸ਼ਤਾ ਏ। ਓਹਨਾਂ ਲਕਸਮਬਰਗ ਦੇ ਉਪ-ਪ੍ਰਧਾਨ ਮੰਤਰੀ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਜ਼ੇਵੀਅਰ ਬੇਟਲ ਨਾਲ ਮੁਲਾਕਾਤ ਕੀਤੀ.

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਗੋਆ ਵਿੱਚ ਪੱਛਮੀ ਜ਼ੋਨਲ ਕੌਂਸਲ ਦੀ 28ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ.

- ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਉਰਦੂ ਰੋਜ਼ਾਨਾ, ਅਖ਼ਬਾਰ-ਏ-ਮਸ਼ਰਿਕ ਅਤੇ ਇਸਦੇ ਡਾਇਰੈਕਟਰ, ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਨਦੀਮੁਲ ਹੱਕ ਨਾਲ ਜੁੜ੍ਹੇ ਇੱਕ ਮਾਮਲੇ ਦੇ ਸਬੰਧ ਵਿੱਚ ਕੋਲਕਾਤਾ, ਦਿੱਲੀ ਅਤੇ ਰਾਂਚੀ ਵਿੱਚ ਛਾਪੇਮਾਰੀ।

- ਇਸਰੋ ਦਾ ਕਹਿਣਾ ਏ ਕਿ ਪੁਲਾੜ ਖੇਤਰ ਦੇ ਸੁਧਾਰ ਨਿੱਜੀਕਰਨ 'ਤੇ ਨਹੀਂ, ਸਗੋਂ ਈਕੋਸਿਸਟਮ ਦੇ ਪਸਾਰ 'ਤੇ ਕੇਂਦ੍ਰਿਤ ਨੇ.

- ਟੈਨਿਸ ਵਿੱਚ, ਮੌਜੂਦਾ ਚੈਂਪੀਅਨ ਆਰੀਨਾ ਸਬਾਲੇਂਕਾ ਅਤੇ ਕਾਰਲੋਸ ਅਲਕਾਰਾਜ਼ ਯੂਐਸ ਓਪਨ ਦੇ ਕੁਆਰਟਰ ਫਾਈਨਲ ਵਿੱਚ ਪਹੁੰਚ ਗਏ ਨੇ.

## *ਹੁਣ ਖਬਰਾਂ ਵਿਸਥਾਰ ਨਾਲ*

ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਏ ਕਿ ਇੱਕ ਅਜਿਹੇ ਯੁੱਗ ਵਿੱਚ ਜਿੱਥੇ ਪੂਰੀ ਦੁਨੀਆ ਅਨਿਸ਼ਚਿਤਤਾ ਬਾਰੇ ਚਿੰਤਤ ਏ, ਭਾਰਤ ਅਤੇ ਲਕਸਮਬਰਗ ਵਿਚਕਾਰ ਇੱਕ ਭਰੋਸੇਯੋਗ ਰਿਸ਼ਤਾ ਏ। ਡਾ. ਜੈਸ਼ੰਕਰ ਨੇ ਇਹ ਗੱਲ ਅੱਜ ਨਵੀਂ ਦਿੱਲੀ ਵਿੱਚ ਲਕਸਮਬਰਗ ਦੇ ਉਪ ਪ੍ਰਧਾਨ ਮੰਤਰੀ, ਵਿਦੇਸ਼ ਮਾਮਲਿਆਂ ਅਤੇ ਵਿਦੇਸ਼ੀ ਵਪਾਰ ਮੰਤਰੀ ਜ਼ੇਵੀਅਰ ਬੇਟਲ ਨਾਲ ਮੁਲਾਕਾਤ ਦੌਰਾਨ ਕਹੀ। ਉਨ੍ਹਾਂ ਕਿਹਾ, ਸ਼੍ਰੀ ਬੇਟਲ ਦੀ ਯਾਤਰਾ, ਭਾਰਤ ਅਤੇ ਲਕਸਮਬਰਗ ਵਿਚਕਾਰ ਵਧਦੀ ਅਤੇ ਡੂੰਘੀ ਹੁੰਦੀ ਭਾਈਵਾਲੀ ਨੂੰ ਦਰਸਾਉਂਦੀ ਏ। ਡਾ. ਜੈਸ਼ੰਕਰ ਨੇ ਇਸ ਸਾਲ ਦੀ ਸ਼ੁਰੂਆਤ ਵਿੱਚ ਆਪਣੀ ਲਕਸਮਬਰਗ ਯਾਤਰਾ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ, ਹਾਲ ਹੀ ਦੇ ਸਾਲਾਂ ਵਿੱਚ ਦੋਵਾਂ ਧਿਰਾਂ ਦੇ ਨੇਤਾਵਾਂ ਨੇ ਇੱਕ ਦੂਜੇ ਨਾਲ ਕਈ ਵਾਰ ਗੱਲਬਾਤ ਕੀਤੀ ਏ। ਵਿਦੇਸ਼ ਮੰਤਰੀ ਨੇ ਕਿਹਾ

ਕਿ, ਵਪਾਰ, ਨਿਵੇਸ਼, ਮਾਲੀ ਸਹਿਯੋਗ ਸਬੰਧਾਂ ਦਾ ਕੇਂਦਰ ਰਿਹਾ ਏ । ਉਨ੍ਹਾਂ ਕਿਹਾ ਕਿ, ਇਨ੍ਹਾਂ ਤੋਂ ਪਰੇ ਦੋਵੇਂ ਧਿਰਾਂ ਪੁਲਾੜ, ਡਿਜੀਟਲ ਅਤੇ ਚੁਗਿਰਦੇ ਪੱਖੀ ਤਕਨਾਲੋਜੀਆਂ ਵਿੱਚ ਸਹਿਯੋਗ ਦੀ ਭਾਲ ਕਰ ਰਹੀਆਂ ਨੇ. ਡਾ. ਜੈਸ਼ੰਕਰ ਨੇ ਕਿਹਾ ਕਿ, ਕੋਵਿਡ ਮਹਾਂਮਾਰੀ ਤੋਂ ਬਾਅਦ ਭਾਰਤ ਅਤੇ ਲਕਸਮਬਰਗ ਵਿਚਕਾਰ ਸਿਹਤ ਸਹਿਯੋਗ ਵਧਿਆ ਏ । ਉਨ੍ਹਾਂ ਕਿਹਾ, ਕਿ ਸਪਲਾਈ ਲੜੀ ਲਚਕੀਲੇਪਣ ਅਤੇ ਯੂਰਪ ਨਾਲ ਭਿੰਨਤਾ ਦੇ ਮਾਮਲੇ ਵਿੱਚ ਹੁਣ ਮੁਕਤ ਵਪਾਰ ਸਮਝੌਤੇ ਅਤੇ ਪ੍ਰਵਾਨਗੀ ਨਾਲ, ਨਵੀਆਂ ਦਿਸ਼ਾਵਾਂ ਖੁੱਲ੍ਹ ਰਹੀਆਂ ਨੇ. ਵਿਦੇਸ਼ ਮੰਤਰੀ ਨੇ ਲਕਸਮਬਰਗ ਦਾ FTA ਨੂੰ ਮਜ਼ਬੂਤ ਹਮਾਇਤ ਦੇਣ ਲਈ ਧੰਨਵਾਦ ਕੀਤਾ। ਆਪਣੇ ਸੰਬੋਧਨ ਵਿੱਚ, ਲਕਸਮਬਰਗ ਦੇ ਉਪ ਪ੍ਰਧਾਨ ਮੰਤਰੀ, ਵਿਦੇਸ਼ ਮਾਮਲਿਆਂ ਅਤੇ ਵਿਦੇਸ਼ੀ ਵਪਾਰ ਮੰਤਰੀ ਜ਼ੇਵੀਅਰ ਬੇਟਲ ਨੇ ਕਿਹਾ ਕਿ, ਲਕਸਮਬਰਗ ਦਾ ਭਾਰਤ ਨਾਲ ਇੱਕ ਭਰੋਸੇਮੰਦ ਅਤੇ ਇਮਾਨਦਾਰ ਰਿਸ਼ਤਾ ਏ । ਉਨ੍ਹਾਂ ਕਿਹਾ ਕਿ, ਦੋਵਾਂ ਧਿਰਾਂ ਨੇ ਸਬੰਧਾਂ ਨੂੰ ਡੂੰਘਾ ਕਰਨ ਲਈ ਬਹੁਤ ਕੁਝ ਕੀਤਾ ਏ । ਸ਼੍ਰੀ ਬੇਟਲ ਨੇ ਸ਼ਾਂਤੀ ਸਥਾਪਿਤ ਕਰਨ ਵਾਲਿਆਂ ਵਜੋਂ ਭਾਰਤੀ ਲੀਡਰਸ਼ਿਪ ਦੀ ਭੂਮਿਕਾ ਅਤੇ ਟਕਰਾਵਾਂ ਤੋਂ ਪ੍ਰਭਾਵਿਤ ਦੇਸ਼ਾਂ ਵਿਚਕਾਰ ਰਾਬਤਾ ਬਣਾਉਣ ਦੀ ਕੋਸ਼ਿਸ਼ ਕਰਨ ਲਈ ਧੰਨਵਾਦ ਕੀਤਾ । ਸ਼੍ਰੀ ਬੇਟਲ ਅੱਜ ਤੜਕੇ ਭਾਰਤ ਦੇ ਤਿੰਨ ਦਿਨਾਂ ਦੌਰੇ 'ਤੇ ਨਵੀਂ ਦਿੱਲੀ ਪਹੁੰਚੇ ।

-----------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਗੋਆ ਵਿੱਚ ਪੱਛਮੀ ਜ਼ੋਨਲ ਕੌਂਸਲ ਦੀ 28ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ. ਇਹ ਮੀਟਿੰਗ ਸਵੇਰੇ 11 ਵਜੇ ਪਣਜੀ ਵਿੱਚ ਸ਼ੁਰੂ ਹੋਈ। ਸ਼੍ਰੀ ਸ਼ਾਹ ਗੋਆ ਦੇ ਤਿੰਨ ਦਿਨਾਂ ਦੌਰੇ 'ਤੇ ਨੇ. ਅਧਿਕਾਰੀਆਂ ਨੇ ਦੱਸਿਆ ਕਿ ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ, ਅਤੇ ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਵ ਦੇ ਪ੍ਰਸ਼ਾਸਕ ਪ੍ਰਫੁੱਲ ਪਟੇਲ ਮੀਟਿੰਗ ਵਿੱਚ ਸ਼ਾਮਲ ਹੋਏ। ਕੇਂਦਰੀ ਗ੍ਰਹਿ ਮੰਤਰਾਲੇ ਅਤੇ ਰਾਜ ਸਰਕਾਰਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਨੇ. ਮੀਟਿੰਗ ਵਿੱਚ ਅੰਤਰਰਾਜੀ ਤਾਲਮੇਲ, ਸਹਿਯੋਗੀ ਸ਼ਾਸਨ ਅਤੇ ਮੈਂਬਰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚਕਾਰ ਸਭ ਤੋਂ ਵਧੀਆ ਢੰਗ – ਤਰੀਕਿਆਂ ਨੂੰ ਸਾਂਝਾ ਕਰਨ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਅਧਿਕਾਰੀਆਂ ਨੇ ਦੱਸਿਆ ਕਿ ਅੰਤਰ-ਰਾਜੀ ਕੌਂਸਲ ਸਕੱਤਰੇਤ ਅਤੇ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਵਫ਼ਦ ਵੀ ਪੇਸ਼ਕਾਰੀਆਂ ਦੇਣਗੇ। ਬਾਅਦ ਵਿਚ ਸ਼੍ਰੀ ਸ਼ਾਹ ਗੋਆ ਪੁਲਿਸ ਨੂੰ ਰਾਸ਼ਟਰਪਤੀ ਦੇ ਕਲਰਸ ਪ੍ਰਦਾਨ ਕਰਨਗੇ |

-----------------------------------------------------

ਇਨਫੋਰਸਮੈਂਟ ਡਾਇਰੈਕਟੋਰੇਟ ਨੇ ਉਰਦੂ ਰੋਜ਼ਾਨਾ, ਅਖ਼ਬਾਰ-ਏ-ਮਸ਼ਰਿਕ ਅਤੇ ਇਸਦੇ ਡਾਇਰੈਕਟਰ, ਤ੍ਰਿਣਮੂਲ ਕਾਂਗਰਸ ਦੇ ਸੰਸਦ

ਮੈਂਬਰ ਨਦੀਮੁਲ ਹੱਕ ਨਾਲ ਜੁੜ੍ਹੇ ਇੱਕ ਮਾਮਲੇ ਦੇ ਸਬੰਧ ਵਿੱਚ ਕੋਲਕਾਤਾ, ਦਿੱਲੀ ਅਤੇ ਰਾਂਚੀ ਵਿੱਚ ਸੱਤ ਇਮਾਰਤਾਂ 'ਤੇ ਛਾਪੇਮਾਰੀ ਕੀਤੀ ਏ । ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬਿਧਾਨਨਗਰ ਪੁਲਿਸ ਕਮਿਸ਼ਨਰੇਟ ਵਲੋਂ ਦਰਜ ਕੀਤੀ ਗਈ ਇੱਕ ਐਫ.ਆਈ.ਆਰ ਦੇ ਆਧਾਰ 'ਤੇ ਇੱਕ ਇਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟ (ਈ.ਸੀ.ਆਈ.ਆਰ) ਦਾਇਰ ਕੀਤੀ। ਜਾਂਚ ਏਜੰਸੀ ਨੇ ਕਿਹਾ ਕਿ ਏ ਇਹ ਮਾਮਲਾ ਕਥਿਤ ਤੌਰ 'ਤੇ ਫਿਰਕੂ ਵੈਰਪੁਣੇ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਦੇ ਪ੍ਰਸਾਰ ਅਤੇ ਪ੍ਰਕਾਸ਼ਨ ਦੇ ਇਲਜ਼ਾਮਾਂ ਨਾਲ ਸੰਬੰਧਿਤ ਏ । ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਹਾ ਏ ਕਿ ਇਸ ਮਾਮਲੇ ਵਿੱਚ ਗੈਰ-ਕਾਨੂੰਨੀ ਲੈਣ-ਦੇਣ, ਬੇਹਿਸਾਬ ਨਕਦੀ ਲੈਣ-ਦੇਣ ਅਤੇ ਸ਼ੱਕੀ ਵਸੀਲਿਆਂ  ਤੋਂ ਪ੍ਰਾਪਤ ਫੰਡਾਂ ਦੇ ਇਲ੍ਜ਼ਾਮ ਵੀ ਸ਼ਾਮਿਲ ਨੇ.

---------------------------------------------------

ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਨਵੀਂ ਦਿੱਲੀ ਦੇ ਸਤਿਆ ਨਿਕੇਤਨ ਇਲਾਕੇ ਵਿੱਚ ਇਮਾਰਤ ਡਿੱਗਣ ਵਾਲੀ ਥਾਂ ਦਾ ਦੁਬਾਰਾ ਦੌਰਾ ਕੀਤਾ ਤਾਂ ਜੋ ਸੁਰੱਖਿਆ ਉਪਾਵਾਂ ਅਤੇ ਚੱਲ ਰਹੇ ਬਚਾਅ ਕਾਰਜਾਂ ਦੀ ਸਮੀਖਿਆ ਕੀਤੀ ਜਾ ਸਕੇ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦਹਾਕਿਆਂ ਪੁਰਾਣੀ ਬਹੁ-ਮੰਜ਼ਿਲਾ ਇਮਾਰਤ ਦੇ ਸਥਾਨ ਤੋਂ ਕਰੀਬ 80 ਫੀਸਦੀ ਮਲਬਾ ਹਟਾ ਦਿੱਤਾ ਗਿਆ ਏ । ਮੁੱਖ ਮੰਤਰੀ ਨੇ ਦੱਸਿਆ ਕਿ ਬਾਰਾਂ ਲੋਕਾਂ ਨੂੰ ਕੱਢ ਲਿਆ ਗਿਆ ਏ ਜਿਨ੍ਹਾਂ ਵਿੱਚੋਂ ਛੇ ਦੀ ਮੌਤ ਹੋ ਗਈ ਏ, ਜਦੋਂ ਕਿ ਛੇ ਦੀ ਹਾਲਤ ਸਥਿਰ ਏ -

BYTE

ਮੁੱਖ ਮੰਤਰੀ ਨੇ ਕਿਹਾ ਕਿ ਇਹ ਦੁਖਦਾਈ ਘਟਨਾ ਇਮਾਰਤ ਦੇ ਮਾਲਕ ਦੀ ਲਾਪਰਵਾਹੀ ਕਾਰਨ ਵਾਪਰੀ ਏ । ਉਨ੍ਹਾਂ ਭਰੋਸਾ ਦਿੱਤਾ ਕਿ ਮਾਲਕ ਵਿਰੁੱਧ ਕਾਰਵਾਈ ਕੀਤੀ ਜਾਵੇਗੀ –

BYTE

ਉਨ੍ਹਾਂ ਅੱਗੇ ਕਿਹਾ ਕਿ ਜਿਨ੍ਹਾਂ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਇਹ ਹਾਦਸਾ ਹੋਇਆ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇਗਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਗੇ ਕਿਹਾ ਕਿ ਅੱਜ ਹੀ ਮੁਅੱਤਲ ਕਰਨ ਦੇ ਹੁਕਮ ਜਾਰੀ ਕੀਤੇ ਜਾਣਗੇ। ਪ੍ਰਤੀਕਰਮ ਬਲ (NDRF) ਦੀ ਟੀਮ ਲਗਾਤਾਰ ਕਾਰਵਾਈ ਵਿੱਚ ਲੱਗੀ ਹੋਈ ਏ

BYTE

ਇਸ ਦੌਰਾਨ ਇਮਾਰਤ ਦੇ ਮਾਲਕ ਵਿਰੁੱਧ ਐਫ.ਆਈ.ਆਰ ਦਰਜ ਕਰ ਲਈ ਗਈ ਏ । ਦਿੱਲੀ ਦੇ ਮੁੱਖ ਮੰਤਰੀ ਦਫ਼ਤਰ ਨੇ ਕਿਹਾ ਕਿ ਦਿੱਲੀ ਵਿੱਚ ਗੈਰ-ਕਾਨੂੰਨੀ ਪੰਜ ਮੰਜ਼ਿਲਾ ਇਮਾਰਤਾਂ ਨੂੰ ਤੁਰੰਤ ਸੀਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਨੇ. ਸੀ.ਐਮ.ਓ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਨੇ ਸਪੱਸ਼ਟ ਕਰ ਦਿੱਤਾ ਏ ਕਿ ਦਿੱਲੀ ਦੇ ਵਸਨੀਕਾਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਲਾਪਰਵਾਹੀ ਦੇ ਮਾਮਲਿਆਂ ਵਿੱਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ।

---

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਮੀਡੀਆ ਵਿੱਚ ਫੈਲ ਰਹੀਆਂ ਕਿਆਸ ਅਰਾਈਆਂ ਅਤੇ ਗਲਤ ਜਾਣਕਾਰੀ ਸੰਬੰਧੀ ਰਿਪੋਰਟਾਂ 'ਤੇ ਸਪੱਸ਼ਟੀਕਰਨ ਜਾਰੀ ਕੀਤਾ ਏ ਕਿ ਇਸਰੋ ਦਾ ਨਿੱਜੀਕਰਨ ਕਰਨ ਜਾਂ ਇਸਦੀ ਭੂਮਿਕਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਇਸਰੋ ਨੇ ਕਿਹਾ ਕਿ ਇਸਦਾ ਨਾ ਤਾਂ ਨਿੱਜੀਕਰਨ ਕੀਤਾ ਜਾਵੇਗਾ ਅਤੇ ਨਾ ਹੀ ਇਸਦੀ ਮਹੱਤਤਾ ਨੂੰ ਘਟਾਇਆ ਜਾਵੇਗਾ। ਇਸ ਨੇ ਅੱਗੇ ਕਿਹਾ ਕਿ ਪੁਲਾੜ ਵਿੱਚ ਨਿੱਜੀ ਖੇਤਰ ਦੀ ਹਿੱਸੇਦਾਰੀ ਦਾ ਉਦੇਸ਼ ਇਸਰੋ ਨੂੰ ਭਾਰਤ ਦੇ ਪੁਲਾੜ ਪ੍ਰੋਗਰਾਮ ਦੀ ਅਗਲੀ ਪੀੜ੍ਹੀ 'ਤੇ ਹੋਰ ਵੀ ਮਜ਼ਬੂਤੀ ਨਾਲ ਧਿਆਨ ਕੇਂਦਰਿਤ ਕਰਨ ਦੇ ਯੋਗ ਬਣਾਉਣਾ ਏ, ਜਦੋਂ ਕਿ ਸਨਅਤ ਪਰਿਪੱਕ ਤਕਨਾਲੋਜੀਆਂ ਅਤੇ ਸਮਰੱਥਾਵਾਂ ਹਾਸਿਲ ਕਰੇ.

---

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਵਿਖੇ ਡੂਰੰਡ ਕੱਪ ਟੂਰਨਾਮੈਂਟ 2026 ਦਾ ਪ੍ਰੈਜ਼ੀਡੈਂਟ ਕੱਪ, ਜੇਤੂ ਟੀਮ ਈਸਟ ਬੰਗਾਲ ਫੁੱਟਬਾਲ ਕਲੱਬ ਨੂੰ ਸੌਂਪਿਆ। ਡੂਰੰਡ ਫੁੱਟਬਾਲ ਟੂਰਨਾਮੈਂਟ ਸੋਸਾਇਟੀ ਦੇ ਪ੍ਰਧਾਨ ਚੀਫ਼ ਆਫ਼ ਡਿਫੈਂਸ ਸਟਾਫ ਜਨਰਲ ਐਨ.ਐਸ. ਰਾਜਾ ਸੁਬਰਾਮਣੀ, ਆਰਮੀ ਸਟਾਫ ਚੀਫ਼ ਆਫ਼ ਆਰਮੀ ਸਟਾਫ ਜਨਰਲ ਧੀਰਜ ਸੇਠ, ਏਅਰ ਚੀਫ਼ ਆਫ਼ ਏਅਰ ਸਟਾਫ ਏਅਰ ਚੀਫ਼ ਮਾਰਸ਼ਲ ਏ.ਪੀ. ਸਿੰਘ ਅਤੇ ਚੀਫ਼ ਆਫ਼ ਨੇਵਲ ਸਟਾਫ ਐਡਮਿਰਲ

ਕ੍ਰਿਸ਼ਨਾ ਸਵਾਮੀਨਾਥਨ, ਸੋਸਾਇਟੀ ਦੇ ਉਪ ਪ੍ਰਧਾਨ, ਈਸਟ ਬੰਗਾਲ ਫੁੱਟਬਾਲ ਕਲੱਬ ਦੇ ਅਧਿਕਾਰੀ ਅਤੇ ਖਿਡਾਰੀ ਇਸ ਮੌਕੇ ਮੌਜੂਦ ਸਨ।

-----------------------------------------------------------

ਅੱਜ ਸ਼ੁਰੂ ਹੋਣ ਵਾਲੇ ਜੰਮੂ-ਕਸ਼ਮੀਰ ਅੰਤਰਰਾਸ਼ਟਰੀ ਫਿਲਮ ਸਮਾਰੋਹ (IFFJK) ਨੂੰ ਸਥਾਨਕ ਫਿਲਮ ਨਿਰਮਾਤਾਵਾਂ ਅਤੇ ਰਚਨਾਤਮਕ ਪੇਸ਼ੇਵਰਾਂ ਨੂੰ ਵਿਸ਼ਾਲ ਫਿਲਮ ਸਨਅਤ ਵਿੱਚ ਉਜਾਗਰ ਕਰਨ ਅਤੇ ਖੇਤਰ ਵਿੱਚ ਨਿਵੇਸ਼ ਅਤੇ ਰੁਜ਼ਗਾਰ ਲਈ ਨਵੇਂ ਮੌਕੇ ਪੈਦਾ ਕਰਨ ਦੇ ਮੌਕੇ ਵਜੋਂ ਦੇਖਿਆ ਜਾ ਰਿਹਾ ਏ ।

-----------------------------------------------------------

ਅਫਗਾਨਿਸਤਾਨ ਵਿੱਚ ਅੱਜ ਸਵੇਰੇ 5 ਵਜ ਕੇ 36 ਵਜੇ ਭੂਚਾਲ ਆਇਆ। ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 4.1 ਮਾਪੀ ਗਈ। ਰਾਸ਼ਟਰੀ ਭੂਚਾਲ ਕੇਂਦਰ ਦੇ ਅਨੁਸਾਰ, ਭੂਚਾਲ ਦਾ ਕੇਂਦਰ 130 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਭੂਚਾਲ ਨਾਲ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਕੋਈ ਖਬਰ ਨਹੀਂ ਹੈ।

-----------------------------------------------------------

ਆਉਣ ਵਾਲੇ ਦਿਨਾਂ ਵਿੱਚ ਹੋਰਮੁਜ਼ ਪਣਜੋੜ ਦੇ ਬਾਹਰ ਇੱਕ ਨਵਾਂ ਪਾਬੰਦੀਸ਼ੁਦਾ ਜ਼ੋਨ ਐਲਾਨਿਆ ਜਾਏਗਾ, ਅਤੇ ਉਨ੍ਹਾਂ ਨਾਲ ਤਾਲਮੇਲ ਤੋਂ ਬਿਨਾਂ ਖੇਤਰ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਜਹਾਜ਼ ਨੂੰ ਈਰਾਨੀ ਪਾਬੰਦੀਆਂ ਦੀ ਸੂਚੀ ਵਿੱਚ ਰੱਖਿਆ ਜਾਵੇਗਾ। ਸੁਪਰੀਮ ਨੈਸ਼ਨਲ

ਸਿਕਿਓਰਿਟੀ ਕੌਂਸਲ ਦੇ ਸਕੱਤਰ ਮੇਜਰ ਜਨਰਲ ਮੋਹਸੇਨ ਰੇਜ਼ਾਈ ਨੇ ਕਿਹਾ ਕਿ ਇਹ ਜ਼ੋਨ ਅਮਰੀਕੀ ਸਮੁੰਦਰੀ ਫੌਜ ਦੀ ਨਾਕਾਬੰਦੀ ਲਾਈਨ ਤੋਂ ਸ਼ੁਰੂ ਹੋਵੇਗਾ ਅਤੇ ਫ਼ਾਰਸ ਦੀ ਖਾੜੀ ਦੇ ਕੁਝ ਹਿੱਸਿਆਂ ਵਿੱਚ ਫੈਲੇਗਾ।

---------------------------------------------------------------

ਟੈਨਿਸ ਵਿੱਚ, ਮੌਜੂਦਾ ਚੈਂਪੀਅਨ ਆਰੀਨਾ ਸਬਾਲੇਂਕਾ ਅਤੇ ਕਾਰਲੋਸ ਅਲਕਾਰਾਜ਼ ਯੂਐਸ ਓਪਨ ਦੇ ਕੁਆਰਟਰ ਫਾਈਨਲ ਵਿੱਚ ਪਹੁੰਚ ਗਏ ਨੇ. ਕੱਲ੍ਹ ਔਰਤਾਂ ਦੇ ਸਿੰਗਲਜ਼ ਦੇ ਰਾਊਂਡ ਆਫ਼ 16 ਵਿੱਚ, ਬੇਲਾਰੂਸ ਦੀ ਚੋਟੀ ਦੀ ਦਰਜਾ ਪ੍ਰਾਪਤ ਆਰੀਨਾ ਸਬਾਲੇਂਕਾ ਨੇ ਅਮਰੀਕਾ ਦੀ ਟੇਲਰ ਟਾਊਨਸੇਂਡ ਨੂੰ 6-4, 6-3 ਨਾਲ ਹਰਾਇਆ। ਸਬਾਲੇਂਕਾ ਦਾ ਮੁਕਾਬਲਾ ਕੱਲ੍ਹ ਕੁਆਰਟਰ ਫਾਈਨਲ ਵਿੱਚ ਚੈੱਕ ਖਿਡਾਰਨ ਲਿੰਡਾ ਨੋਸਕੋਵਾ ਨਾਲ ਹੋਏਗਾ. 16 ਦੇ ਇੱਕ ਹੋਰ ਮੁਕਾਬਲੇ ਵਿੱਚ, ਸਪੇਨ ਦੇ ਕਾਰਲੋਸ ਅਲਕਾਰਾਜ਼ ਨੇ ਆਰਥਰ ਐਸ਼ ਸਟੇਡੀਅਮ ਵਿੱਚ ਦੂਜੇ ਮੈਚ ਵਿੱਚ ਅਮਰੀਕੀ ਟੌਮੀ ਪਾਲ ਨੂੰ 6-4, 6-3, 6-4 ਨਾਲ ਹਰਾਇਆ। ਅਲਕਾਰਾਜ਼ ਦਾ ਕੱਲ੍ਹ ਕੁਆਰਟਰ ਫਾਈਨਲ ਵਿੱਚ ਅਠਵੇਂ ਨੰਬਰ ਦੇ ਅਮਰੀਕੀ ਖਿਡਾਰੀ ਬੇਨ ਸ਼ੈਲਟਨ ਨਾਲ ਮੁਕਾਬਲਾ ਹੋਏਗਾ.

---------------------------------------------------------------

- ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਏ ਕਿ ਇੱਕ ਅਨਿਸ਼ਚਿਤਤਾ ਬਾਰੇ ਚਿੰਤਤ ਯੁਗ ‘ਚ, ਭਾਰਤ ਅਤੇ ਲਕਸਮਬਰਗ ਵਿਚਕਾਰ ਇੱਕ ਭਰੋਸੇਯੋਗ ਰਿਸ਼ਤਾ ਏ । ਓਹਨਾਂ

ਲਕਸਮਬਰਗ ਦੇ ਉਪ-ਪ੍ਰਧਾਨ ਮੰਤਰੀ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਜ਼ੇਵੀਅਰ ਬੇਟਲ ਨਾਲ ਮੁਲਾਕਾਤ ਕੀਤੀ.

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਗੋਆ ਵਿੱਚ ਪੱਛਮੀ ਜ਼ੋਨਲ ਕੌਂਸਲ ਦੀ 28ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਨੇ.

- ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਉਰਦੂ ਰੋਜ਼ਾਨਾ, ਅਖ਼ਬਾਰ-ਏ-ਮਸ਼ਰਿਕ ਅਤੇ ਇਸਦੇ ਡਾਇਰੈਕਟਰ, ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਨਦੀਮੁਲ ਹੱਕ ਨਾਲ ਜੁੜ੍ਹੇ ਇੱਕ ਮਾਮਲੇ ਦੇ ਸਬੰਧ ਵਿੱਚ ਕੋਲਕਾਤਾ, ਦਿੱਲੀ ਅਤੇ ਰਾਂਚੀ ਵਿੱਚ ਛਾਪੇਮਾਰੀ।

- ਇਸਰੋ ਦਾ ਕਹਿਣਾ ਏ ਕਿ ਪੁਲਾੜ ਖੇਤਰ ਦੇ ਸੁਧਾਰ ਨਿੱਜੀਕਰਨ 'ਤੇ ਨਹੀਂ, ਸਗੋਂ ਈਕੋਸਿਸਟਮ ਦੇ ਪਸਾਰ 'ਤੇ ਕੇਂਦ੍ਰਿਤ ਨੇ.

- ਟੈਨਿਸ ਵਿੱਚ, ਮੌਜੂਦਾ ਚੈਂਪੀਅਨ ਆਰੀਨਾ ਸਬਾਲੇਂਕਾ ਅਤੇ ਕਾਰਲੋਸ ਅਲਕਾਰਾਜ਼ ਯੂਐਸ ਓਪਨ ਦੇ ਕੁਆਰਟਰ ਫਾਈਨਲ ਵਿੱਚ ਪਹੁੰਚ ਗਏ ਨੇ.

--------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!**